



# ਭਾਈਚਾਰਕ ਸਥਾਨਕ ਕਾਨੂੰਨ

**ਭਾਈਚਾਰੇ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਕੌਂਸਿਲ ਨੇ ਆਪਣੇ ਭਾਈਚਾਰਕ ਸਥਾਨਕ ਕਾਨੂੰਨ ਨੂੰ ਨਵਿਆਇਆ ਹੈ ਜੋ 1 ਜੁਲਾਈ 2024 ਤੋਂ ਲਾਗੂ ਹੁੰਦਾ ਹੈ।**

City of Whittlesea
Punjabi

## ਇਹ ਕਾਨੂੰਨ ਵਿਟਲਸੀਅ ਕੌਂਸਿਲ ਦੇ ਲੋਕਾਂ ਲਈ ਜ਼ਿੰਮੇਵਾਰੀਆਂ ਅਤੇ ਉਮੀਦਾਂ ਨਿਰਧਾਰਤ ਕਰਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਸਦਭਾਵਨਾ ਨਾਲ ਇਕੱਠੇ ਰਹਿ ਸਕੀਏ।

ਕਾਨੂੰਨ ਦਾ ਉਦੇਸ਼ ਭਾਈਚਾਰੇ ਨੂੰ ਸੁਰੱਖਿਅਤ ਬਣਾਉਣਾ, ਜਨਤਕ ਜਾਇਦਾਦ ਦੀ ਦੇਖਭਾਲ ਕਰਨਾ ਅਤੇ ਸਥਾਨਕ ਗੁਆਂਢਾਂ ਨੂੰ ਮਜ਼ਬੂਤ ਕਰਨਾ ਹੈ – ਵਿਟਲਸੀਅ ਕੌਂਸਿਲ ਨੂੰ ਹਰ ਕਿਸੇ ਲਈ ਸਵਾਗਤ ਯੋਗ ਸਥਾਨ ਬਣਾਉਣਾ ਹੈ।

### ਇਸ ਦੇ ਅਧੀਨ ਕੀ ਲਿਆਂਦਾ ਗਿਆ ਹੈ?

ਤੁਸੀਂ ਇਹ ਦੇਖਣ ਲਈ ਨਵਿਆਏ ਗਏ ਭਾਈਚਾਰਕ ਸਥਾਨਕ ਕਾਨੂੰਨ ਨੂੰ ਪੜ੍ਹ ਸਕਦੇ ਹੋ ਕਿ ਤੁਹਾਡੇ 'ਤੇ ਕੀ ਅਸਰ ਪੈਂਦਾ ਹੈ। ਇਸ ਅਧੀਨ ਲਿਆਂਦੇ ਗਏ ਵਿਸ਼ਿਆਂ ਵਿੱਚ ਸ਼ਾਮਲ ਹਨ:

- **ਕਾਰਾਂ ਅਤੇ ਸੜਕਾਂ:** ਟ੍ਰੇਲਰਾਂ ਅਤੇ ਕੈਰਾਵਾਨਾਂ ਨੂੰ ਲੰਬੇ ਸਮੇਂ ਲਈ ਗਲੀ ਵਿੱਚ ਖੜ੍ਹਾਉਣ ਬਾਰੇ ਨਿਯਮਾਂ ਸਮੇਤ।
- **ਪਾਲਤੂ ਅਤੇ ਹੋਰ ਜਾਨਵਰ:** ਤੁਸੀਂ ਕਿੰਨੇ ਪਾਲਤੂ ਜਾਨਵਰ ਰੱਖ ਸਕਦੇ ਹੋ ਅਤੇ ਜ਼ਿੰਮੇਵਾਰੀ ਨਾਲ ਪਾਲਤੂ ਜਾਨਵਰਾਂ ਦੀ ਮਾਲਕੀ ਬਾਰੇ ਮਾਰਗ ਦਰਸ਼ਨ
- **ਕੂੜਾ ਅਤੇ ਗ਼ਲਤ ਤਰੀਕੇ ਨਾਲ ਸੁੱਟਣਾ:** ਵੱਡੀਆਂ ਸੁੱਟਣ ਵਾਲੀਆਂ ਚੀਜ਼ਾਂ ਦਾ ਨਿਪਟਾਰਾ ਕਰਨਾ ਅਤੇ ਕੂੜੇ ਨੂੰ ਗ਼ਲਤ ਤਰੀਕੇ ਨਾਲ ਸੁੱਟਣਾ।
- **ਅੱਗ ਤੋਂ ਸੁਰੱਖਿਆ:** ਬਾਹਰਵਾਰ ਅੱਗ ਬਾਲਣੀ ਅਤੇ ਅੱਗ ਬਾਲਣ ਵਾਲੇ ਖੱਡਿਆਂ ਦੀ ਵਰਤੋਂ ਬਾਰੇ ਨਵੀਂ ਜਾਣਕਾਰੀ।
- **ਉਸਾਰੀ ਵਾਲੀਆਂ ਜਗ੍ਹਾਵਾਂ:** ਉਸਾਰੀ ਦੇ ਪ੍ਰੋਜੈਕਟਾਂ ਦੇ ਕਾਰਨ ਪੈਦਾ ਹੁੰਦਾ ਸ਼ੋਰ, ਕੂੜੇ ਦੀ ਮਾਤਰਾ ਅਤੇ ਹੋਰ ਮੁੱਦੇ।

### ਸੂਚਿਤ ਰਹੋ

ਭਾਈਚਾਰਕ ਸਥਾਨਕ ਕਾਨੂੰਨ ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਨੂੰ ਇੱਥੇ ਪੜ੍ਹੋ

**engage.whittlesea.vic.gov.au/LocalLawReview**

> "ਆਓ ਮਿਲ ਕੇ ਕੰਮ ਕਰੀਏ ਅਤੇ ਆਪਣੇ ਭਾਈਚਾਰੇ ਨੂੰ ਸੁਰੱਖਿਅਤ, ਸਾਫ਼ ਅਤੇ ਸਾਰਿਆਂ ਦਾ ਸਵਾਗਤ ਕਰਨ ਵਾਲਾ ਬਣਾਈਏ।"



City of Whittlesea